
ਪਰੀ ਦੈ ਰੰਗ

© PUNJAB STATE UNIVERSITY TEXTBOOK BOARD

**DHARATI DE RANG**


Written by : MANMOHAN SINGH DAON
Edited by : Dr. RAMA RATTAN
Illustrated by : KAREN HAYDOCK

Edition : First, 1996
Copies : 10,000
Price : **Rs. 30-00**

*Published by :*
**GURSHARAN SINGH (PROF.)**
Director,
Punjab State University Textbook Board
Chandigarh.

*Printed at :*
Printwell, 146, Ind. Focal Point, Amritsar.

# ਧਰਤੀ ਦੇ ਰੰਗ




ਲੇਖਕ : ਮਨਮੋਹਨ ਸਿੰਘ ਦਾਊਂ


ਚਿੱਤਰਕਾਰ : ਕੈਰਨ ਹੇਡਾਕ




ਧਰਤੀ ਸਭ ਦੀ ਜਣਨੀ ਮਾਤਾ
ਆਓ, ਇਸ ਨੂੰ ਸੀਸ ਝੁਕਾਈਏ,
ਇਸ ਦੇ ਕਣ-ਕਣ ਲੀਲ੍ਹਾ ਨਿਆਰੀ
ਸਾਰੇ ਇਸ ਦੀ ਮਹਿਮਾ ਗਾਈਏ।



ਕਹਿੰਦੇ ਲੱਖਾਂ ਵਰ੍ਹਿਆਂ ਪਹਿਲਾਂ
ਸੂਰਜ ਤੋਂ ਇਹ ਵੱਖਰੀ ਹੋਈ,
ਕਿੰਨੇ ਕਾਲ ਲੰਘਣ ਤੋਂ ਪਿੱਛੋਂ,
ਜੀਵ ਵੱਸਣ ਲਈ ਠੰਢੀ ਹੋਈ।









ਇੱਕ ਹਿੱਸਾ ਖੁਸ਼ਕੀ ਦਾ ਟੁਕੜਾ
ਤਿੰਨ ਹਿੱਸੇ ਸਾਗਰ ਦਾ ਪਾਣੀ,
ਨਾਸ਼ਪਤੀ ਜਿਹੀ ਸ਼ਕਲ ਏਸ ਦੀ
ਖੋਜਾਂ ਕਰ ਕੇ ਗੱਲ ਇਹ ਜਾਣੀ।

ਆਪਣੀ ਧੁਰੀ ਦੁਆਲੇ ਘੁੰਮਦੀ
ਚੌਵੀ ਘੰਟੇ 'ਚ ਚੱਕਰ ਕੱਟਦੀ,


ਸੂਰਜ ਸਾਹਵੇਂ ਕਰ ਕਰ ਆਪਾ
ਦਿਨ ਤੇ ਰਾਤ ਬਣਾ ਨਾ ਥੱਕਦੀ।



ਸੂਰਜ ਦੁਆਲੇ ਕਰ ਪਰਕਰਮਾ
ਰੁੱਤ ਬਦਲਵੀਂ ਇਸ 'ਤੇ ਆਵੇ





ਇੱਕ ਸਾਲ ਦਾ ਚੱਕਰ ਪੂਰਾ
ਗਤੀ-ਸਾਲਾਨਾ ਪਿਆ ਕਹਾਵੇ



ਇਸ ਦੇ ਡੂੰਘੇ ਸਾਗਰਾਂ ਅੰਦਰ
ਅਨੇਕ ਜੀਵ ਪਾਣੀ ਵਿਚ ਰਹਿੰਦੇ,
ਕਿੰਨੇ ਨਾਲੇ, ਨਦੀਆਂ, ਦਰਿਆ
ਸ਼ੋਰ ਮਚਾਉਂਦੇ ਕਲ-ਕਲ ਵਹਿੰਦੇ।

ਕਿਧਰੇ ਅੰਬਰੀਂ ਛੋਂਹਦੇ ਪਰਬਤ
ਖੜੇ ਹੋਏ ਨੇ ਹਿੱਕਾਂ ਤਾਣੀ,





ਕਿਧਰੇ ਡੂੰਘੀਆਂ ਖਾਈਆਂ ਖੰਦਕਾਂ
ਤੱਕ-ਤੱਕ ਹੋਏ ਹੈਰਾਨ ਪ੍ਰਾਣੀ।





ਕਿਧਰੇ ਹਰੇ ਮੈਦਾਨ ਸੁਹੰਦੇ
ਕਿਧਰੇ ਵਾਦੀਆਂ ਮਨ ਨੂੰ ਭਾਵਣ,


ਕਿਤੇ ਜਵਾਲਮੁਖੀ, ਪਠਾਰਾਂ, ਟਿੱਬੇ
ਕਿਧਰੇ ਝੀਲਾਂ ਠੰਢਕ ਪਾਵਣ।





ਕਿਤੇ ਮਾਰੂਥਲ ਰੇਤ ਖਿੰਡਾਉਂਦੇ
ਫੈਲੇ ਹੋਏ ਨੇ ਮੀਲਾਂ ਤੋੜੀ,
ਵਾਹ, ਕੁਦਰਤ ਦੀ ਵੰਨ-ਸਵੰਨਤਾ
ਜਿੰਨੀ ਤੱਕੀਏ ਉਤਨੀ ਥੋੜੀ।






ਧਰਤੀ ਦੀ ਹਿਕੜੀ 'ਚ ਦੱਬੇ
ਖਣਿਜ-ਪਦਾਰਥ ਬਹੁ-ਉਪਯੋਗੀ,
ਕਿਤੇ ਚਟਾਨਾਂ ਦੀ ਮਿੱਟੀ ਬਿਖਰੀ
ਅਤਿ ਉਪਜਾਊ ਫਸਲਾਂ ਜੋਗੀ।


ਚਸ਼ਮੇ ਇਸ 'ਤੇ ਝਰ-ਝਰ ਕਰਦੇ
ਆਪ ਮੁਹਾਰੇ ਖੁੱਲ੍ਹੇ, ਵੱਗਣ,
ਕਿਤੇ ਪਹਾੜੀ ਦ੍ਰਿਸ਼ ਕੁਦਰਤੀ
ਸੁੰਦਰ ਤੇ ਮਨ-ਮੁਹਣੇ ਲੱਗਣ।





ਕਿਧਰੇ ਜੰਗਲਾਂ ਦੇ ਵਿਚ ਉੱਗੇ
ਭਾਂਤ-ਭਾਂਤ ਦੇ ਰੁੱਖ ਪਿਆਰੇ,
ਵੱਸਣ ਜੀਵ, ਜਾਨਵਰ, ਕੀੜੇ
ਛੋਟੇ ਵੱਡੇ ਬਹੁਤ ਨਿਆਰੇ।







ਪੰਛੀ ਕਿਧਰੇ ਕਰਨ ਕਲੋਲਾਂ
ਮਿੱਠੇ ਮਿੱਠੇ ਗੀਤ ਸੁਣਾਵਣ,
ਕਿਧਰੇ ਫੁੱਲ ਅਨੇਕ ਰੰਗਾਂ ਦੇ
ਖਿੜਦੇ ਸੁਹਣੇ ਮਨ ਨੂੰ ਭਾਵਣ।




ਇਸ ਦੀ ਕੁੱਖੋਂ ਫਸਲਾਂ ਜਾਈਆਂ
ਜੀਵਾਂ ਦੇ ਲਈ ਅੰਨ ਉਪਜਾਵਣ,
ਅਨੇਕ ਰਸੀਲੇ ਫ਼ਲ ਸੁਆਦੀ
ਇਸ ਤੋਂ ਲੈ ਲੈ ਲੋਕੀਂ ਖਾਵਣ।







**ਕਦੇ** ਗੜ੍ਹੇ, ਵਰਖਾ ਤੇ ਝਾਂਜਾ
ਨੇਰ੍ਹੀ ਝੱਖੜ ਇਸ 'ਤੇ ਵੱਗੇ,
ਕਦੇ ਕਹਿਰਾਂ ਦੀ ਸਰਦੀ ਪੈਂਦੀ
ਕਦੇ ਤਪੇਂਦੀ ਲੂ ਪਈ ਲੱਗੇ।




ਕਿਧਰੇ ਇਸ 'ਤੇ ਸੜਕਾਂ ਵਿਛੀਆਂ
ਕਿਧਰੇ ਰੇਲ ਦੀ ਪਟੜੀ ਲੰਮੀ,
ਕਿਧਰੇ ਵਾਟਾਂ ਤੇ ਪਗਡੰਡੀਆਂ
ਆਵਾਜਾਈ ਨਾ ਜਾਵੇ ਥੰਮ੍ਹੀ।






ਧਰਤੀ ਸਭ ਦਾ ਘਰ ਹੁੰਦੀ ਹੈ
ਇਸ 'ਤੇ ਸ਼ਹਿਰ ਗਿਰਾਂ ਨੇ ਵੱਸੇ,
ਅਮਨ ਸ਼ਾਂਤੀ ਚਾਹੁੰਦੀ ਆਖੇ
ਕੋਈ ਕਿਸੇ ਦਾ ਹੱਕ ਨਾ ਖੱਸੇ।






ਆਦਿ-ਕਾਲ ਤੋਂ ਚੁੱਪ-ਚਪੀਤੇ
ਭਾਰ ਜਗਤ ਦਾ ਚੁੱਕਿਆ ਹੋਇਆ,
ਧਰਤੀ ਦੀ ਕੁੱਖ ਆਪੇ ਜਾਣੇ,
ਕੀ ਜੰਮਿਆ ਤੇ ਕੀ ਕੀ ਮੋਇਆ।

ਧਰਤੀ ਵਰਗਾ ਕੋਈ ਨਾ ਦਾਨੀ
ਸਭ ਜੀਵਾਂ ਦੀ ਖ਼ੈਰ ਮਨਾਵੇ,
ਸਭ ਕੁਝ ਆਪਣੇ ਵਿਚ ਸਮੋ ਕੇ
ਹੋਰਾਂ ਨੂੰ ਜੀਵਨ ਬਖ਼ਸ਼ਾਵੇ।






ਥਾਂ-ਥਾਂ ਇਸ ’ਤੇ ਰੁੱਖ ਲਗਾ ਕੇ
ਸੁੰਦਰ ਫੁੱਲਾਂ ਨਾਲ ਸਜਾਈਏ,
ਰੱਖ ਚੁਗਿਰਦਾ ਇਸ ਦਾ ਸੁਥਰਾ
ਦੂਸ਼ਿਤ ਪੌਣਾਂ ਦੂਰ ਭਜਾਈਏ।



ਇਹ ਧਰਤੀ ਹੈ ਵੱਸਣ ਖਾਤਰ
ਕੁਦਰਤ ਦੇ ਸੋਮੇ ਵਡਮੁੱਲੇ,

ਵਣ-ਤ੍ਰਿਣ, ਪੰਛੀ ਤੇ ਜੀਵਾਂ ਦੀ
ਰੱਖਿਆ ਕਰਨੀ ਕਦੇ ਨਾ ਭੁੱਲੇ।

ਧਰਤੀ ਉੱਤੇ ਜੰਗ ਨਾ ਹੋਵੇ
ਨਸ਼ਟ ਨਾ ਹੋਵੇ ਹੀਰੋਸ਼ੀਮਾ-ਨਾਗਾਸਾਕੀ,
ਕੀ ਹੱਥ ਆਵੇ ਖ਼ੂਨ ਵਗਾ ਕੇ
ਬੰਦਾ ਹੀ ਜੇ ਰਿਹਾ ਨਾ ਬਾਕੀ ?





ਧਰਤੀ ਦੇ ਰੰਗ ਬੜੇ ਨਿਆਰੇ
ਆਓ, ਇਸ ਨੂੰ ਸਵਰਗ ਬਣਾਈਏ,
ਇਸ ਦੀ ਗੋਦੀ ਮਾਂ ਵਰਗੀ ਹੈ
ਇਹ ਗਲ ਹੋਰਾਂ ਨੂੰ ਸਮਝਾਈਏ।

## ਬਾਲ ਸਾਹਿਤ ਸੀਰੀਜ਼ ਅਧੀਨ ਹੋਰ ਪ੍ਰਕਾਸ਼ਨਾਵਾਂ

| | | | | | |
|---|---|---|---|---|---|
| ਸੁਜਾਤਾ ਅਤੇ ਜੰਗਲੀ ਹਾਥੀ | 20.00 | ਸੂਹਾ ਗੁਲਾਬ | 20.00 | ਮਾੜਾ ਗੁਆਂਢ | 30.00 |
| ਸ਼ੇਰ ਕਥਾਵਾਂ | 20.00 | ਮੇਲਾ ਭੋਲੂ | 20.00 | ਅੰਸ਼ੂ ਤੇ ਅਲੀ | 30.00 |
| ਜੰਗਲ ਟਾਪੂ-I | 20.00 | ਟੁਣ ਟੁਣ ਗੁੱਡੀ ਤੇ ਹੋਰ ਕਹਾਣੀਆਂ | 20.00 | ਗੰਗਾ-I | 30.00 |
| ਜੰਗਲ ਟਾਪੂ-II | 20.00 | ਮੈਂ ਕੀ ਬਣਾਂਗਾ | 20.00 | ਗੰਗਾ-II | 30.00 |
| ਮੁਲਾਕਾਤਾਂ (ਜਾਨਵਰਾਂ ਨਾਲ) | 20.00 | ਮੇਰਾ ਸਕੂਲ | 20.00 | ਪੰਜ ਪਾਤਰ | 30.00 |
| ਗੇਂਦ ਗੀਟੇ | 20.00 | ਮੇਰੇ ਮਾਤਾ ਜੀ | 20.00 | ਖੰਡ ਦਾ ਗੋਲ ਗੱਪਾ | |
| ਪੰਜਾਬੀ ਚਿਤਰਕਾਰ | 20.00 | ਛੋਟਾ ਸ਼ੇਰ ਵੱਡਾ ਸ਼ੇਰ | 20.00 | (ਬਾਲਵਾੜੀ ਗੀਤ) | 30.00 |
| ਸਾਡੇ ਰੁੱਖ | 20.00 | ਪ੍ਰਸੰਨ ਡਰੋਣਾ | 20.00 | ਉੱਡਦੀ ਜਾਏ | 30.00 |
| ਚੂਚੇ ਦੀ ਸੈਰ | 20.00 | ਗੁਬਾਰਾ ਯਾਤਰਾ | 20.00 | ਲੋਰੀਆਂ ਭੋਰੀਆਂ | 30.00 |
| ਮਲੰਗ ਪਤੰਗ | 20.00 | ਚੂੰ ਚੂੰ ਕਰਦੀਆਂ ਆਈਆਂ ਚਿੜੀਆਂ | 20.00 | ਗੁੱਗੂ ਤੇ ਹੋਰ ਕਹਾਣੀਆਂ | 30.00 |
| ਚਿੜੀਆ ਘਰ ਦਾ ਨਾਈ | 20.00 | ਹੋਣਹਾਰ ਕਾਂ | 20.00 | ਬਾਲ ਨਾਟਕ | 30.00 |
| ਚਿਟਕੂ | 20.00 | ਵਿਗਿਆਨ ਪਹੇਲੀ | 27.00 | ਗੁਬਾਰੇ | 30.00 |
| ਫਲਾਂ ਦੀ ਟੋਕਰੀ | 20.00 | ਗਾਲ੍ਹੜਾਂ ਦੀ ਸੈਰ | 30.00 | ਜਾਨਵਰ ਐਕਟਰ | 30.00 |
| ਲੰਡੋਰਾ ਬਾਂਦਰ | 20.00 | ਧਰਤੀਏ ਰੁਕ ਜਾ | 30.00 | ਲੱਖਾਂ ਕਰੋੜਾਂ ਬਿੱਲੀਆਂ | 30.00 |
| ਸਾਡੇ ਗੁਆਂਢੀ | 20.00 | ਟੁੱਕ ਖੋਹ ਲਏ ਕਾਵਾਂ | 30.00 | ਰੂਪਾ-ਮਾਧੋ | 30.00 |
| ਭਰਮਾਂ ਦਾ ਘੋੜਾ | 20.00 | ਖੰਭਾਂ ਦੀ ਫਰਾਕ | 30.00 | ਟੋਪੀ ਚੋਰ | 30.00 |
| ਸੁਣੋ ਕਹਾਣੀ | 20.00 | ਪੁਤਲੀ ਤਮਾਸ਼ਾ | 30.00 | ਚੂਹੇ ਦੀ ਤੋਬਾ | 30.00 |
| ਨਰਮਦਾ | 30.00 | ਦੀਵਿਆਂ ਵਾਲਾ ਨਾਂ | 30.00 | ਰਸਗੁੱਲੇ | 30.00 |
| ਸ਼ੇਰਾਂ ਦੀ ਆਵਾਜ਼ | 20.00 | ਚੋਣਵਾਂ ਬਾਲ ਸਾਹਿਤ | 30.00 | ਸ਼ੁਧ ਹਵਾ ਦੀ ਲੋੜ | 30.00 |
| ਅੰਬਰ ਤਾਰੇ | 20.00 | ਕਿਰਲੀ ਦੈਂਤ | 30.00 | ਬਾਤ ਪਾਵਾਂ ਬਤੌਲੀ ਪਾਵਾਂ | 30.00 |
| ਚੰਨ ਵਰਖਾ | 20.00 | ਕਾਲਾ ਹੰਸ | 30.00 | | |



ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ